# ਨਮੂਨੇ ਦਾ ਪ੍ਰਸ਼ਨ ਪੱਤਰ-2021-2022

## ਟਰਮ-II

## ਜਮਾਤ-ਦਸਵੀਂ (X)

## ਵਿਸ਼ਾ-ਪੰਜਾਬੀ

ਸਮਾਂ - 3 ਘੰਟੇ

ਕੁੱਲ ਅੰਕ-50

ਨੋਟ- ਸਾਰੇ ਪ੍ਰਸ਼ਨ ਜ਼ਰੂਰੀ ਹਨ। ਪ੍ਰਸ਼ਨ ਪੱਤਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਭਾਗ-I ਦੇ ਸਾਰੇ ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ ਹਨ। ਭਾਗ-II ਦੇ ਸਾਰੇ ਪ੍ਰਸ਼ਨ ਲਿਖਿਤ ਉੱਤਰਾਂ ਵਾਲੇ ਹਨ।

ਭਾਗ-1

**ਕਵਿਤਾਵਾਂ ਅਤੇ ਸ਼ਲੋਕਾਂ ਵਿੱਚੋਂ**

ਹੇਠ ਲਿਖੇ ਪ੍ਰਸ਼ਨ ਹੱਲ ਕਰੋ।

ਪ੍ਰਸ਼ਨ

1. ਕਵਿਤਾ ਪੂਰੀ ਕਰੋ।

(ੳ) ਪਰਬਤ ਦੇ ਪੈਰਾਂ ਹੇਠ ਪਈ,
ਇੱਕ ................ ਜਿਹੀ ਪਧਰਾਈ ਹੈ।

(i) ਵੱਡੀ (ii) ਨਿੱਕੀ
(ii) ਲੰਬੀ (iv) ਛੋਟੀ

(ਅ) "ਦੇਸ਼ ਪਿਆਰ" ਦੇ ਕਵੀ ਦਾ ਕੀ ਨਾਂ ਹੈ ?

(i) ਪ੍ਰੋ. ਮੋਹਨ ਸਿੰਘ (ii) ਹਾਸ਼ਮ ਸ਼ਾਹ
(iii) ਬਾਬਾ ਫਰੀਦ (iv) ਧਨੀ ਰਾਮ ਚਾਤ੍ਰਿਕ

(ਏ) ਬੱਚੇ ਵਿਲਕਣ ਨਾਰੀ ਨੰਗੀ,
ਆਪਣਾ ਖੀਸਾ ................।

(i) ਭਰਿਆ (ii) ਖਾਲੀ

(iii) ਅੱਧਾ (iv) ਫਟਿਆ

(ਸ) ਦੋਹੜੇ ਦੇ ਕਵੀ ਕੌਣ ਹਨ ?

(i) ਹਾਸ਼ਮ ਸ਼ਾਹ (ii) ਬਾਬਾ ਫਰੀਦ

(iii) ਅੰਮ੍ਰਿਤਾ ਪ੍ਰੀਤਮ (iv) ਪ੍ਰੋ. ਪੂਰਨ ਸਿੰਘ

(ਹ) "ਮੁਰਗੀ ਜੀਉੜੇ" ਦੇ ਕਵੀ ਦਾ ਕੀ ਨਾਂ ਹੈ ?

(i) ਅੰਮ੍ਰਿਤਾ ਪ੍ਰੀਤਮ (ii) ਧਨੀ ਰਾਮ ਚਾਤ੍ਰਿਕ

(iii) ਪ੍ਰੋ. ਮੋਹਨ ਸਿੰਘ (iv) ਪ੍ਰੋ. ਪੂਰਨ ਸਿੰਘ

**ਪ੍ਰਸ਼ਨ 2 ਕਹਾਣੀ ਵਿੱਚੋਂ ਹੇਠ ਲਿਖੇ ਪ੍ਰਸ਼ਨ ਹੱਲ ਕਰੋ।**

(ੳ) ਉਹ ਸੋਚਦੀ ਕਹਾਣੀ ਵਿੱਚ ਕਿਸ ਪਾਤਰ ਦੀ ਮੌਤ ਹੋ ਗਈ ਹੈ ?

(i) ਜੀਤੀ ਦੀ ਮਾਂ ਦੀ (ii) ਜੀਤੀ ਦੀ ਦਾਦੀ ਦੀ

(iii) ਜੀਤੀ ਦੀ ਨਾਨੀ ਦੀ (iv) ਜੀਤੀ ਦੀ

(ਅ) ਪ੍ਰਹਿਲਾਦ ਦੇ ਪਿਤਾ ਦਾ ਕੀ ਨਾਂ ਸੀ ?

(i) ਹਰਨਾਖਸ਼ (ii) ਕੰਸ

(iii) ਦਕਸ਼ (iv) ਸ਼ਕੁਨੀ

(ੲ) ਹਰਨਾਖਸ਼ ਦੀ ਭੈਣ ਕੌਣ ਸੀ ?

(i) ਸਰੂਪਨਖਾ (ii) ਮੰਥਰਾ

(iii) ਕੈਕੇਈ (iv) ਹੋਲਕਾ

(ਸ) ਸੰਤ ਨੇ ਉਸ ਲਾਲਚੀ ਬੰਦੇ ਨੂੰ ਕਿੰਨੇ ਦੀਵੇ ਦਿੱਤੇ ?

(i) ਇੱਕ (ii) ਦੋ

(iii) ਤਿੰਨ (iv) ਚਾਰ

(ਹ) ਸੰਤਾ ਸਾਧਾਂ ਦੀ ਸੇਵਾ ਨਾਲ ਕੀ ਪ੍ਰਾਪਤ ਹੁੰਦਾ ਹੈ ?

(i) ਧਨ (ii) ਪੁੰਨ

(iii) ਪਾਪ (iv) ਕੱਪੜੇ

ਪ੍ਰਸ਼ਨ 3. ਵਾਰਤਕ ਵਿੱਚੋਂ

(ੳ) ਸ੍ਰੀ ਰੇਣੂਕਾ ਜੀ ਕਿਸ ਦਾ ਤੀਰਥ ਸਥਾਨ ਹੈ ?

(i) ਹਿੰਦੂਆਂ ਦਾ (ii) ਸਿੱਖਾਂ ਦਾ

(iii) ਈਸਾਈਆਂ ਦਾ (iv) ਮੁਸਲਮਾਨਾਂ ਦਾ

(ਅ) ਪਰਸ਼ੁਰਾਮ ਜੀ ਦੀ ਮਾਤਾ ਦਾ ਕੀ ਨਾਂ ਸੀ ?

(i) ਸੀਤਾ (ii) ਰਾਧਾ

(iii) ਰੇਣੂਕਾ (iv) ਮੀਰਾ

(ੲ) ਛੋਟੀਆਂ ਗੱਲਾਂ ਲੇਖ ਦਾ ਲੇਖਕ ਕੌਣ ਹੈ ?

(i) ਲਾਲ ਸਿੰਘ ਕਮਲਾ ਅਕਾਲੀ (ii) ਪ੍ਰੋ.ਪੂਰਨ ਸਿੰਘ

(iii) ਪ੍ਰੋ.ਮੋਹਨ ਸਿੰਘ (iv) ਅਮਰਜੀਤ

(ਸ) ਛੋਟੀਆਂ ਗੱਲਾਂ ਤੇ ਵਿਚਾਰ ਕਰੋ, ............ ਆਪੇ ਸਮਝ ਆ ਜਾਣਗੀਆਂ।

(i) ਸੱਚੀਆਂ (ii) ਵੱਡੀਆਂ

(iii) ਟੇਢੀਆਂ (iv) ਬਾਕੀ

(ਹ) ਦੋ ਸੜਕਾਂ ਤੋਂ ਰੇਣੂਕਾ ਜੀ ਕਿੰਨੀ ਦੂਰੀ ਹੈ ?

(i) 29 (ii) 19

(iii) 39 (iv) 49

ਪ੍ਰਸ਼ਨ 4. ਆਤਮਕਥਾ/ਇਕਾਂਗੀ ਵਿੱਚੋਂ ਹੇਠ ਲਿਖੇ ਪ੍ਰਸ਼ਨ ਹੱਲ ਕਰੋ।

(ੳ) ਸ਼ਾਮ ਦਾਸ ਬੇਬੇ ਭਜਨੀ ਦਾ ਕੀ ਲੱਗਦਾ ਸੀ ?

(i) ਚਾਚਾ (ii) ਦਾਦਾ

(iii) ਪਤੀ (iv) ਸਹੁਰਾ

(ਅ) ਬੇਬੇ ਭਜਨੀ ਕਿਸ ਸੁਭਾਅ ਦੀ ਸੀ ?

(i) ਦਾਨ ਪੁੰਨ ਕਰਨ ਵਾਲੀ (ii) ਠੱਗੀ ਕਰਨ ਵਾਲੀ

(iii) ਨਸ਼ਾ ਕਰਨ ਵਾਲੀ (iv) ਨਾਟਕ ਕਰਨ ਵਾਲੀ

(ੲ) ਬੇਬੇ ਰਾਮ ਭਜਨੀ ਦੇ ਇਕਾਂਗੀਕਾਰ ਕੌਣ ਹਨ ?

(i) ਈਸ਼ਵਰ ਚੰਦਰ ਨੰਦਾ (ii) ਅਮਰਜੀਤ ਜੋਸ਼ੀ

(iii) ਡਾ. ਦਲੀਪ ਕੌਰ ਟਿਵਾਣਾ (iv) ਪ੍ਰੋ. ਪੂਰਨ ਸਿੰਘ

(ਸ) ਬੇਬੇ ਰਾਮ ਭਜਨੀ ਇਕਾਂਗੀ ਦੇ ਕੁੱਲ ਕਿੰਨੇ ਪਾਤਰ ਹਨ ?

(i) ਚਾਰ (ii) ਅੱਠ

(iii) ਦੋ (iv) ਤਿੰਨ

(ਹ) ਬੇਬੇ ਰਾਮ ਭਜਨੀ ਇਕਾਂਗੀ ਵਿੱਚ ਕਿੰਨੇ ਜੁਆਰੀਏ ਹਨ ?

(i) ਚਾਰ (ii) ਸੱਤ

(iii) ਦੋ (iv) ਤਿੰਨ

ਭਾਗ-

## ਲਿਖਿਤ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 5. ਹੇਠ ਲਿਖੀ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਭਾਵ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਦੇਸ਼ ਪਿਆਰ

ਜਾਂ

ਸੁਰਗੀ ਜੀਉੜੇ

ਪ੍ਰਸ਼ਨ 6. ਹੇਠ ਲਿਖੇ ਸਿੱਟਿਆਂ ਵਿੱਚੋਂ ਕਿਸੇ ਇੱਕ ਸਿੱਟੇ ਦੇ ਆਧਾਰ ਤੇ ਕਹਾਣੀ ਲਿਖੋ।

ਏਕੇ ਵਿੱਚ ਬਲ ਹੈ।

ਜਾਂ

ਮਿੱਤਰ ਉਹ ਜੋ ਔਖੇ ਵੇਲੇ ਕੰਮ ਆਵੇ।

ਪ੍ਰਸ਼ਨ 7. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।

(ੳ) ਚੰਗੀਆਂ ਆਦਤਾਂ

(ਅ) ਹਿਮਾਚਲ ਦੇ ਮੇਲੇ

(ੲ) ਸ਼੍ਰੀ ਗੁਰੂ ਨਾਨਕ ਦੇਵ ਜੀ

ਪ੍ਰਸ਼ਨ 8.

(ੳ) ਹੇਠ ਲਿਖੇ ਅਗੇਤਰਾਂ ਵਿੱਚੋਂ ਕੋਈ ਚਾਰ ਅਗੇਤਰਾਂ ਨਾਲ ਬਣਦੇ ਤਿੰਨ-ਤਿੰਨ ਸ਼ਬਦ ਲਿਖੋ। ਜਿਵੇਂ ਕਮ-ਕਮਜ਼ੋਰ

ਅਣ, ਕੁ, ਚੁ, ਬੇ, ਲਾ 2

(ਅ) ਹੇਠ ਲਿਖੇ ਪਿਛੇਤਰਾਂ ਵਿੱਚੋਂ ਕੋਈ ਚਾਰ ਪਿਛੇਤਰਾਂ ਨਾਲ ਬਣਦੇ ਤਿੰਨ-ਤਿੰਨ ਪਿਛੇਤਰ ਲਿਖੋ। ਜਿਵੇਂ ਮੰਦ-ਅਕਲਮੰਦ

ਜਨਕ, ਦਾਇਕ, ਬਾਨ, ਖਾਨਾ, ਕਾਰ 2

(ੲ) ਹੇਠ ਲਿਖੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ।

(ੳ) ਕਿਸੇ ਕਲਾਕਾਰ ਦੀ ਸਰਵਉੱਤਮ ਰਚਨਾ

(ਅ) ਜੋ ਔਖੇ ਵੇਲੇ ਆਪਣੇ ਸਾਥਿਆਂ ਦਾ ਸਾਥ ਛੱਡ ਕੇ ਵਿਰੋਧੀ ਧਿਰ ਲਈ ਕੰਮ ਕਰੇ 2

(ਸ) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ।

ਆਪਣਾ, ਸੰਭਵ, ਮੌਤ, ਖ਼ੁਸ਼ਬੂ 2

(ਹ) ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ।

(ੳ) ਅਸੀਂ ਖੇਡ ਰਿਹਾ ਹੋਵਾਂਗਾ।

(ਅ) ਤੁਸੀਂ ਦਾ ਘਰ ਵੱਡਾ ਹੈ।

ਜਾਂ

ਹੇਠ ਲਿਖੇ ਜੋੜਿਆਂ ਵਿੱਚੋਂ ਕਿਸੇ ਇੱਕ ਜੋੜੇ ਦੇ ਸ਼ਬਦਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ੱਟ ਹੋ ਜਾਣ। ਕਿਸੇ-ਕਿੱਸੇ, ਪਕਾ-ਪੱਕਾ, ਤਕੜੀ-ਤੱਕੜੀ 2